No. of Printed Pages : 3 **BPBLA-135**

# B.A. General (BAG)
# Term-End Examination
# December-2023

## BPBLA-135 : Modern Indian Language-Punjabi

*Duration : 3 Hours* *Maximum Marks: 100*

ਛਪੇ ਹੋਏ (ਪ੍ਰਕਾਸ਼ਿਤ) ਪੰਨਿਆਂ ਦੀ ਸੰਖਿਆ : 3 **BPBLA-135**

# ਬੀ ਏ ਜਨਰਲ

## ਟਰਮ-ਐਂਡ ਪ੍ਰੀਖਿਆ

## ਦਸੰਬਰ – 2023

## BPBLA-135 : ਆਧੁਨਿਕ ਭਾਰਤੀ ਭਾਸ਼ਾ – ਪੰਜਾਬੀ

*ਸਮਾਂ : 3 ਘੰਟੇ* *ਵੱਧ ਤੋਂ ਵੱਧ ਅੰਕ : 100*

---

***ਨੋਟ:*** (i) ਇਸ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਹਰ ਭਾਗ ਦੇ ਸਾਹਮਣੇ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

(ii) ਪਹਿਲੇ ਭਾਗ ਵਿੱਚੋਂ ਪੰਜ, ਦੂਜੇ ਵਿੱਚੋਂ ਚਾਰ ਅਤੇ ਤੀਜੇ ਭਾਗ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

---

## ਭਾਗ ਪਹਿਲਾ

ਹੇਠ ਦਿੱਤਿਆਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਸਹਿਤ ਦੱਸੋ।
5x12=60

1) ਗੁਰਮੁਖੀ ਲਿਪੀ ਦੇ ਨਿਕਾਸ ਅਤੇ ਵਿਕਾਸ ਉੱਤੇ ਵਿਸਤ੍ਰਿਤ ਨੋਟ ਲਿੱਖੋ।

2) ਪੰਜਾਬੀ ਭਾਸ਼ਾ ਦੀਆਂ ਸਵਰ ਅਤੇ ਵਿਅੰਜਨ ਧੁਨੀਆਂ ਬਾਰੇ ਵਿਸਤਾਰ ਸਹਿਤ ਨੋਟ ਲਿਖੋ।

3) ਪੰਜਾਬੀ ਦੇ ਲੋਕ ਗੀਤਾਂ ਬਾਰੇ ਵਿਸਤ੍ਰਿਤ ਨੋਟ ਲਿਖੋ।

4) ਮੱਧਕਾਲੀ ਪੰਜਾਬੀ ਸਾਹਿਤ ਦੀਆਂ ਮੁੱਖ ਕਾਵਿ-ਧਾਰਾਵਾਂ ਕਿਹੜੀਆਂ ਹਨ? ਵਿਸਤਾਰ ਵਿੱਚ ਜਾਣ-ਪਛਾਣ ਕਰਾਓ।

5) ਆਧੁਨਿਕ ਪੰਜਾਬੀ ਗਲਪ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਤਾਰ ਨਾਲ ਦੱਸੋ।

6) ਆਧੁਨਿਕ ਪੰਜਾਬੀ ਵਾਰਤਕ ਨਾਲ ਜਾਣ-ਪਛਾਣ ਕਰਾਉਂਦੇ ਹੋਏ, ਨਰਿੰਦਰ ਸਿੰਘ ਕਪੂਰ ਦੇ ਲੇਖ, 'ਰਿਸ਼ਵਤ' ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

7) ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸ਼ੇਰਨੀਆਂ' ਉੱਤੇ ਵਿਸਤ੍ਰਿਤ ਨੋਟ ਲਿਖੋ।

## ਭਾਗ ਦੂਜਾ

ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਦਾ ਲਗਭਗ 400 ਸ਼ਬਦਾਂ ਵਿੱਚ ਉੱਤਰ ਦਿਓ। 4x7=28

8) ਬੈਂਕ ਤੋਂ ਕਰਜ਼ਾ ਲੈਣ ਲਈ ਬੈਂਕ ਮੈਨੇਜਰ ਨੂੰ ਪੱਤਰ ਲਿਖੋ।

9) ਪੰਜਾਬ ਦੇ ਤਿਉਹਾਰਾਂ ਨਾਲ ਜਾਣ-ਪਛਾਣ ਕਰਾਓ।

10) ਆਧੁਨਿਕ ਪੰਜਾਬੀ ਕਵਿਤਾ ਦੀਆਂ ਮੁੱਖ ਕਾਵਿ-ਧਾਰਾਵਾਂ ਨਾਲ ਜਾਣ-ਪਛਾਣ ਕਰਾਓ।

11) ਇਕਾਂਗੀ 'ਕਬਾਬ ਵਿੱਚ ਹੱਡੀ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

12) ਇਲੈਕਟ੍ਰਾਨਿਕ ਮੀਡੀਆ ਬਾਰੇ ਤੁਸੀਂ ਕੀ ਜਾਣਦੇ ਹੋ?

## ਭਾਗ ਤੀਜਾ

ਸਾਰੇ ਪ੍ਰਸ਼ਨਾ ਦੇ ਸੰਖੇਪ ਵਿੱਚ ਉੱਤਰ ਦਿਓ। 6x2=12

13) ਵਾਕ ਅਤੇ ਉਪਵਾਕ ਵਿਚਲਾ ਅੰਤਰ ਸਪਸ਼ਟ ਕਰੋ।

14) ਸੁਹਾਗ ਅਤੇ ਘੋੜੀਆਂ ਵਿੱਚ ਕੀ ਅੰਤਰ ਹੈ।

15) ਭਾਈ ਵੀਰ ਸਿੰਘ ਦੀ ਕਵਿਤਾ 'ਪ੍ਰੀਤਮ ਛੁਹ' ਦਾ ਕੇਂਦਰੀ ਭਾਵ ਕੀ ਹੈ?

16) ਕੋਈ ਦੋ ਸੂਫ਼ੀ ਕਵੀਆਂ ਦੇ ਨਾਂ ਦੱਸੋ।

17) ਮੱਧਕਾਲੀ ਵਾਰਤਕ ਦੇ ਕੋਈ ਦੋ ਸਾਹਿਤ ਰੂਪਾਂ ਦੇ ਨਾਂ ਦੱਸੋ।

18) ਪੰਜਾਬੀ ਦੇ ਕੋਈ ਦੋ ਨਾਟਕਕਾਰਾਂ ਦੇ ਨਾਂ ਦੱਸੋ।